# ਪ੍ਰਸ਼ਨ ਬੈਂਕ

## (2●18-19)

## ਵਿਸ਼ਾ ਇਤਿਹਾਸ (ਬਾਰ੍ਹਵੀਂ ਸ਼੍ਰੇਣੀ)

## (For General Students only)

## ਭਾਗ- ੳ

**ਭਾਗ- ੳ** ਵਿੱਚ ਪ੍ਰਸ਼ਨ ਨੰਬਰ 1 ਵਸਤੂਨਿਸ਼ਠ ਪ੍ਰਸ਼ਨ ਹੈ ਜਿਸ ਵਿੱਚ 1 ਅੰਕ ਵਾਲੇ 10 ਉਪਭਾਗ ਹਨ। ਪ੍ਰਸ਼ਨ ਪੱਤਰ ਵਿੱਚ ਸਿਲੇਬਸ ਦੇ ਭਾਗ ੳ ਵਿੱਚੋਂ 5 ਪ੍ਰਸ਼ਨ ਅਤੇ ਭਾਗ ਅ ਵਿੱਚੋਂ 5 ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ।

**ਸਹੀ ਉੱਤਹ ਦੀ ਚੋਣ ਕਰੋ:** **1 x 10 = 10**

- ❖ ਭਾਸ਼ਾ ਦੇ ਆਧਾਰ ਤੇ ਪੰਜਾਬ ਦੀ ਵੰਡ ਕਦੋ ਹੋਈ?
  (a) 1965 (b) 1966 (c) 1977 (d) 1947
- ❖ ਅੰਮ੍ਰਿਤਸਰ ਕਿਹੜੇ ਦੁਆਬ ਵਿੱਚ ਸਥਿਤ ਹੈ?
  (a) ਬਾਰੀ (b) ਚੱਜ (c) ਰਚਨਾ (d) ਸਿੰਧ ਸਾਗਰ
- ❖ ਸਿੱਖ ਧਰਮ ਦੇ ਦੂਜੇ ਗੁਰੂ ਕੌਣ ਸਨ?
  (i) ਗੁਰੂ ਅਮਰਦਾਸ ਜੀ (ii) ਗੁਰੂ ਅੰਗਦ ਦੇਵ ਜੀ
  (iii) ਗੁਰੂ ਗੋਬਿੰਦ ਸਿੰਘ ਜੀ (iv) ਗੁਰੂ ਨਾਨਕ ਦੇਵ ਜੀ
- ❖ ਗੁਰੂ ਅਮਰ ਦਾਸ ਜੀ ਦਾ ਜਨਮ ਕਦੋਂ ਹੋਇਆ ਸੀ?
  (i) 1458 ਈ. (ii) 1479 ਈ.
  (iii) 1469 ਈ. (iv) 1465 ਈ.
- ❖ ਬੀਬੀ ਭਾਨੀ ਜੀ ਦੇ ਪਿਤਾ ਦਾ ਨਾਂ ਕੀ ਸੀ?
  (i) ਗੁਰੂ ਅਮਰਦਾਸ ਜੀ (ii) ਗੁਰੂ ਰਾਮ ਦਾਸ ਜੀ
  (iii) ਗੁਰੂ ਗੋਬਿੰਦ ਸਿੰਘ ਜੀ (iv) ਗੁਰੂ ਹਰਗੋਬਿੰਦ ਜੀ
- ❖ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਦੋਂ ਹੋਇਆ?
  (i) 16●2 ਈ. (ii) 16●4 ਈ.
  (iii) 1665 ਈ. (iv) 1672 ਈ.
- ❖ ਗੁਰੂ ਹਰਗੋਬਿੰਦ ਜੀ ਕਦੋਂ ਜੋਤੀ-ਜੋਤ ਸਮਾਏ ਸਨ ?
  (i) 1635 ਈ. (ii) 1645 ਈ.
  (iii) 1638 ਈ. (iv) 1628 ਈ.
- ❖ ਭੀਮ ਚੰਦ ਕੌਣ ਸੀ ?
  (i) ਕਾਂਗੜਾ ਦਾ ਸ਼ਾਸਕ (ii) ਕਹਿਲੂਰ ਦਾ ਸ਼ਾਸਕ
  (iii) ਸ੍ਰੀ ਨਗਰ ਦਾ ਸ਼ਾਸਕ (iv) ਗੁਲੇਰ ਦਾ ਸ਼ਾਸਕ

❖ਗੁਰੂ ਗੋਬਿੰਦ ਸਿੰਘ ਜੀ ਦੇ ਦਾਦਾ ਜੀ ਦਾ ਕੀ ਨਾਂ ਸੀ?

(i) ਗੁਰ ਅਮਰ ਦਾਸ ਜੀ (ii) ਗੁਰੂ ਹਰਗੋਬਿੰਦ ਜੀ

(iii) ਗੁਰੂ ਹਰ ਕ੍ਰਿਸ਼ਨ ਜੀ (iv) ਗੁਰੂ ਤੇਗ ਬਹਾਦਰ ਜੀ

❖ਗੁਰੂ ਤੇਗ ਬਹਾਦਰ ਜੀ ਨੂੰ ਜਿਸ ਸਥਾਨ ਤੇ ਸ਼ਹੀਦ ਕੀਤਾ ਗਿਆ ਉਸ ਸਥਾਨ ਤੇ ਕਿਹੜਾ ਗੁਰਦੁਆਰਾ ਸਥਿਤ ਹੈ?

(i) ਸੀਸ ਗੰਜ (ii) ਬਾਲਾ ਸਾਹਿਬ

(iii) ਰਕਾਬ ਗੰਜ (iv) ਦਰਬਾਰ ਸਾਹਿਬ

❖ਗੁਰੂ ਗੋਬਿੰਦ ਸਿੰਘ ਜੀ ਗੁਰ ਗੱਦੀ ਤੇ ਕਦੋਂ ਬਿਰਾਜਮਾਨ ਹੋਏ?

(i) 1666 ਈ. (ii) 167● ਈ.

(iii) 1672 ਈ. (iv) 1675 ਈ.

❖ਹੈਦਰੀ ਝੰਡੇ ਦੀ ਘਟਨਾ ਕਿਸ ਦੇ ਸ਼ਾਸਨ ਕਾਲ ਵਿੱਚ ਹੋਈ ਸੀ?

(i) ਅਬਦੁਸ ਸਮਦ ਖਾਂ (ii) ਅਹਿਮਦ ਸ਼ਾਹ ਅਬਦਾਲੀ

(iii) ਯਾਹੀਆ ਖਾਂ (iv) ਜ਼ਕਰੀਆ ਖਾਂ

❖ਮੁਗਲਾਨੀ ਬੇਗਮ ਪੰਜਾਬ ਦੀ ਸੂਬੇਦਾਰ ਕਦੋਂ ਬਣੀ?

(i) 1751 ਈ: (ii) 1752 ਈ:

(iii) 1753 ਈ: (iv) 1754 ਈ:

❖ਪਟਿਆਲਾ ਰਿਆਸਤ ਦਾ ਮੋਢੀ ਕੌਣ ਸੀ?

(i) ਅਮਰ ਸਿੰਘ (ii) ਹਮੀਰ ਸਿੰਘ

(iii) ਬਾਬਾ ਆਲਾ ਸਿੰਘ (iv) ਰਾਜਪਾਲ ਸਿੰਘ

❖ਹੇਠ ਲਿਖਿਆਂ ਵਿੱਚੋਂ ਕੌਣ “ਮਾਈ ਮਲਵੈਣ” ਦੇ ਨਾਂ ਨਾਲ ਪ੍ਰਸਿੱਧ ਸੀ।

(i) ਦਯਾ ਕੌਰ (ii) ਰਤਨ ਕੌਰ

(iii) ਰਾਜ ਕੌਰ (iv) ਗਜਪਤ ਕੌਰ

❖ਜਮਰੌਦ ਦੀ ਲੜਾਈ ਕਦੋਂ ਹੋਈ?

(i) 1818 ਈ: ਵਿੱਚ (ii) 1819 ਈ: ਵਿੱਚ

(iii) 1823 ਈ: ਵਿੱਚ (iv) 1837 ਈ: ਵਿੱਚ

❖ਅੰਗਰੇਜ਼ਾਂ ਨੇ ਸਿੰਧ ਦੇ ਅਮੀਰਾਂ ਨਾਲ ਵਪਾਰਿਕ ਸੰਧੀ ਕਦੋਂ ਕੀਤੀ?

(i) 1829 ਈ: (ii) 1831 ਈ:

(iii) 1832 ਈ: (iv) 183● ਈ:

❖ਲਾਹੌਰ ਸ਼ਹਿਰ ਦੇ ਪ੍ਰਮੁੱਖ ਅਧਿਕਾਰੀ (ਕੋਤਵਾਲ) ਦਾ ਨਾਂ ਕੀ ਸੀ?

(ੳ) ਧਿਆਨ ਸਿੰਘ (ਅ) ਭਵਾਨੀ ਦਾਸ

(ੲ) ਦੀਨਾ ਨਾਥ (ਸ) ਇਮਾਮ ਬਖਸ਼

❖ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਸਿੱਖਾਂ ਨਾਲ਼ ਯੁੱਧ ਦੀ ਘੋਸ਼ਣਾ ਕਦੋਂ ਕੀਤੀ?

(ੳ) 1848 ਈ. (ਅ) 1849 ਈ.

(ੲ) 1965 ਈ. (ਸ) 1845 ਈ.

❖ਮਹਾਰਾਜਾ ਰਣਜੀਤ ਸਿੰਘ ਵੱਲੋਂ ਜਾਰੀ ਸ਼ਾਹੀ ਮੋਹਰ ਤੇ ਕਿਹੜੇ ਸ਼ਬਦ ਉੱਕਰੇ ਸਨ?

(ੳ) ਨਾਨਕ ਸਹਾਇ (ਅ) ਅਕਾਲ ਸਹਾਇ

(ੲ) ਗੋਬਿੰਦ ਸਹਾਇ (ਸ) ਤੇਗ ਸਹਾਇ

❖ਮਹਾਰਾਜਾ ਰਣਜੀਤ ਸਿੰਘ ਸਮੇਂ ਪਰਗਨੇ ਦੇ ਮੁੱਖ ਅਧਿਕਾਰੀ ਨੂੰ ਕੀ ਕਹਿੰਦੇ ਸਨ?

(ੳ) ਗਵਰਨਰ (ਅ) ਕਾਰਦਾਰ

(ੲ) ਮੁਕੱਦਮ (ਸ) ਪਟਵਾਰੀ

❖ਭੀਮ ਚੰਦ ਕੌਣ ਸੀ?

(ੳ) ਕਾਂਗੜਾ ਦਾ ਸ਼ਾਸਕ (ਅ) ਕਹਿਲੂਰ ਦਾ ਸ਼ਾਸਕ

(ੲ) ਸ਼੍ਰੀ ਨਗਰ ਦਾ ਸ਼ਾਸਕ (ਸ) ਗੁਲੇਰ ਦਾ ਸ਼ਾਸਕ

❖ ਪੰਜਾਬ ਵਿੱਚ ਕਿੰਨੇ ਦੁਆਬ ਹਨ?

(ੳ) ਦੋ (ਅ) ਤਿੰਨ

(ੲ) ਚਾਰ (ਸ) ਪੰਜ

❖ ਗੁਰੂ ਅੰਗਦ ਦੇਵ ਜੀ ਦਾ ਮੁੱਢਲਾ ਨਾਂ ਕੀ ਸੀ?

(ੳ) ਭਾਈ ਜੇਠਾ ਜੀ (ਅ) ਭਾਈ ਲਹਿਣਾ ਜੀ

(ੲ) ਤਿਆਗ ਮੱਲ ਜੀ (ਸ) ਭਾਈ ਗੁਰਦਿੱਤਾ ਜੀ

❖ ਜ਼ਫ਼ਰਨਾਮਾ ਕਿਸ ਗੁਰੂ ਸਾਹਿਬ ਨੇ ਲਿਖਿਆ ?

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅਰਜਨ ਦੇਵ ਜੀ

(ੲ) ਗੁਰੂ ਤੇਗ ਬਹਾਦਰ ਜੀ (ਸ) ਗੁਰੂ ਗੋਬਿੰਦ ਸਿੰਘ ਜੀ

❖ ਪਹਿਲਾ ਘੱਲੂਘਾਰਾ ਕਿੱਥੇ ਵਾਪਰਿਆ?

(ੳ) ਕਾਹਨੂੰਵਾਨ (ਅ) ਕੁੱਪ

(ੲ) ਸਰਹਿੰਦ (ਸ) ਗੁਰਦਾਸ ਨੰਗਲ

❖ ਮਹਾਰਾਜਾ ਰਣਜੀਤ ਸਿੰਘ ਦਾ ਪ੍ਰਧਾਨ ਮੰਤਰੀ ਕੌਣ ਸੀ?

(ੳ) ਦੀਵਾਨ ਮੋਹਕਮ ਚੰਦ (ਅ) ਫ਼ਕੀਰ ਅਜ਼ੀਜ਼ਉੱਦੀਨ

(ੲ) ਰਾਜਾ ਧਿਆਨ ਸਿੰਘ (ਸ) ਦੀਵਾਨ ਭਵਾਨੀ ਦਾਸ

❖ ਰਿਗ ਵੈਦਿਕ ਕਾਲ ਵਿੱਚ ਪੰਜਾਬ ਦਾ ਨਾਂ :

(ੳ) ਪੰਚਨਦ (ਅ) ਸਪਤ ਸਿੰਧੂ

(ੲ) ਮਗਧ ਦੇਸ਼ (ਸ) ਸੂਬਾ ਲਾਹੌਰ

❖ ਵਿਦਵਾਨ ਅਬੁਲ ਫਜ਼ਲ ਨੇ ਕਿਸ ਪੁਸਤਕ ਦੀ ਰਚਨਾ ਕੀਤੀ :

(ੳ) ਤੁਜ਼ਕ-ਏ-ਬਾਬਰੀ (ਅ) ਤੁਜ਼ਕ-ਏ- ਜਹਾਂਗੀਰੀ

(ੲ) ਆਇਨ-ਏ-ਅਕਬਰੀ (ਸ) ਅਕਬਰਨਾਮਾ

❖ ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਕਿਸ ਗੁਰੂ ਸਾਹਿਬ ਨੇ ਕੀਤੀ :

(ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਅ) ਸ੍ਰੀ ਗੁਰੂ ਤੇਗ ਬਹਾਦਰ ਜੀ

(ੲ) ਸ੍ਰੀ ਗੁਰੂ ਹਰਿਕ੍ਰਿਸ਼ਨ ਜੀ (ਸ) ਸ੍ਰੀ ਗੁਰੂ ਹਰਗੋਬਿੰਦ ਜੀ

❖ ਜਮਰੌਦ ਦੀ ਲੜਾਈ ਵਿੱਚ ਕਿਸ ਜਰਨੈਲ ਨੇ ਸ਼ਹੀਦੀ ਪ੍ਰਾਪਤ ਕੀਤੀ :

(ੳ) ਹਰੀ ਸਿੰਘ ਨਲਵਾ (ਅ) ਜ਼ਕਰੀਆ ਖਾਨ

(ੲ) ਲਾਰਡ ਹਾਰਡਿੰਗ (ਸ) ਸਾਵਨ ਮੱਲ

**ਖ਼ਾਲੀ ਸਥਾਨ ਭਰੋ :**

❖ ਬਾਬਰ ਨੇ ਪੰਜਾਬ 'ਤੇ ਕੁੱਲ............. ਹਮਲੇ ਕੀਤੇ।

❖ ਉਦਾਸੀ ਮਤ ਦੇ ਸੰਸਥਾਪਕ ...........ਸਨ।

❖ ਗੁਰਗੱਦੀ ਮਿਲਣ ਸਮੇਂ ਗੁਰੂ ਹਰਿਗੋਬਿੰਦ ਜੀ ਦੀ ਉਮਰ.................... ਸਾਲ ਸੀ।

❖ 'ਚੱਕ ਨਾਨਕੀ' ਨਗਰ ਦੀ ਸਥਾਪਨਾ........... ਨੇ ਕੀਤੀ ਸੀ।

❖ ਜ਼ਕਰੀਆਂ ਖਾਂ ਤੋਂ ਪਹਿਲਾਂ ਪੰਜਾਬ ਦਾ ਸੂਬੇਦਾਰ................ ਸੀ।

❖ ਜਹਾਂਗੀਰ ਦੀ ਮੌਤ ਤੋਂ ਬਾਅਦ ਮੁਗਲ ਬਾਦਸ਼ਾਹ ...............ਬਣਿਆ ਸੀ।

❖ 'ਕ੍ਰਿਸ਼ਨ ਅਵਤਾਰ' ਸਾਹਿਤ ਦੀ ਰਚਨਾ............. ਨੇ ਕੀਤੀ ਸੀ।

❖ ਚੌਧਰੀ ਮੱਸਾ ਰੰਗੜ................ ਪਿੰਡ ਦਾ ਚੌਧਰੀ ਸੀ।

❖ ਜਸਵੰਤ ਰਾਓ ਹੋਲਕਰ ................ਈ. ਵਿੱਚ ਪੰਜਾਬ ਆਇਆ ਸੀ।

❖ ਨਾਦਰ ਸ਼ਾਹ ਦੀ ਹੱਤਿਆ ਤੋਂ ਬਾਅਦ ਅਫਗਾਨਿਸਤਾਨ ਦਾ ਬਾਦਸ਼ਾਹ............. ਬਣਿਆ।

❖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਮੁੱਖੀ ਲਿਪੀ ਦਾ ਗਿਆਨ ਬਚਪਨ ਵਿੱਚ................. ਤੋਂ ਪ੍ਰਾਪਤ ਕੀਤਾ।

❖ ਅਬਦੁਸ ਸਮਦ ਖਾਂ ਨੂੰ ਲਾਹੌਰ ਦਾ ਸੂਬੇਦਾਰ...............ਈਸਵੀ ਨੂੰ ਨਿਯੁਕਤ ਕੀਤਾ ਗਿਆ ਸੀ।

❖ ਗੁਰੂ ਹਰਗੋਬਿੰਦ ਜੀ ਦੀ ਪੁੱਤਰੀ ਦਾ ਨਾਂ.................. ਸੀ।

❖ ___________ ਨੂੰ ਬੰਦੀ ਛੋੜ ਬਾਬਾ ਵੀ ਕਿਹਾ ਜਾਂਦਾ ਹੈ।

❖ ਮੁਗਲ ਬਾਦਸ਼ਾਹ ................ ਗੁਰੂ ਅਮਰਦਾਸ ਜੀ ਨੂੰ ਮਿਲਣ ਗੋਇੰਦਵਾਲ ਸਾਹਿਬ ਆਇਆ ਸੀ।

❖ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ.............. ਨੇ ਕੀਤਾ ਸੀ।

❖ ਬਾਬਾ ਦੀਪ ਸਿੰਘ ਜੀ ਦਾ ਸਬੰਧ.................. ਮਿਸਲ ਨਾਲ ਸੀ।

❖ ਗੋਇੰਦਵਾਲ ਸਾਹਿਬ ਵਿੱਚ ਬਾਉਲੀ ਦਾ ਨਿਰਮਾਣ ___________ ਨੇ ਕਰਵਾਇਆ।

❖ ਮਸੰਦ ਪ੍ਰਥਾ ਦੀ ਸ਼ੁਰੂਆਤ ___________ ਨੇ ਕੀਤੀ।

- ❖ ਆਦਿ ਗ੍ਰੰਥ ਸਾਹਿਬ ਦਾ ਸੰਕਲਨ __________ ਈਸਵੀ ਵਿੱਚ ਪੂਰਾ ਹੋਇਆ।
- ❖ ਮਹਾਰਾਜਾ ਰਣਜੀਤ ਸਿੰਘ ਦਾ ਸਾਮਰਾਜ _________ ਸੂਬਿਆਂ ਵਿੱਚ ਵੰਡਿਆ ਹੋਇਆ ਸੀ।
- ❖ ਗੁਜਰਾਤ ਦੀ ਲੜਾਈ ਇਤਿਹਾਸ ਵਿੱਚ _________ ਦੀ ਲੜਾਈ ਦੇ ਨਾਂ ਨਾਲ ਪ੍ਰਸਿੱਧ ਹੈ।
- ❖ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿੱਚ ਵਿਸਾਖੀ ਵਾਲੇ ਦਿਨ ................ ਦੀ ਸਥਾਪਨਾ ਕੀਤੀ।
- ❖ ..............ਅਤੇ................. ਕਿਸੇ ਵੀ ਪ੍ਰਦੇਸ਼ ਦੇ ਇਤਿਹਾਸ ਅਧਿਐਨ ਦੇ ਲਈ ਜ਼ਰੂਰੀ ਸੋਮੇ ਹਨ।
- ❖ 'ਗੁਰੂ ਕਾ ਬਜ਼ਾਰ' ...............ਸ਼ਹਿਰ ਵਿੱਚ ਸੀ।
- ❖ 'ਚਾਰ ਲਾਵਾਂ' ਦਾ ਉਚਾਰਨ ਸ੍ਰੀ ਗੁਰੂ .................... ਜੀ ਨੇ ਕੀਤਾ।
- ❖ ਜੀਜਾਬਾਈ.............. ਦੇ ਮਾਤਾ ਜੀ ਸਨ।
- ❖ ਕਨਕੂਤ ਪ੍ਰਣਾਲੀ ਨੂੰ ............. ਨੇ ਲਾਗੂ ਕੀਤਾ ਸੀ।
- ❖ ਭੈਰੋਵਾਲ ਦੀ ਸੰਧੀ.............ਈ. ਵਿੱਚ ਹੋਈ।
- ❖ ਤਰੁਣਾ ਦਲ ਦੀ ਸਥਾਪਨਾ............. ਦੁਆਰਾ ਕੀਤੀ ਗਈ।
- ❖ ਮੁਗਲ ਕਾਲ ਵਿੱਚ ਪੰਜਾਬ ਦਾ ਮੁਸਲਮਾਨ ਸਮਾਜ.............ਹਿੱਸਿਆਂ ਵਿੱਚ ਵੰਡਿਆ ਹੋਇਆ ਸੀ।

**ਸਹੀ/ਗਲਤ ਲਿਖੋ :**

- ❖ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਵਿਖੇ ਸਥਿਤ ਹੈ।
- ❖ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਬਾਲ ਗੁਰੂ ਦੇ ਨਾਮ ਨਾਲ ਜਾਣਿਆ ਜਾਂਦਾ ਹੈ।
- ❖ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਛੇਵੇਂ ਗੁਰੂ ਸਨ।
- ❖ ਜ਼ਬਤੀ ਪ੍ਰਨਾਲ਼ੀ ਅਧੀਨ ਜ਼ਮੀਨ ਨੂੰ ਪੰਜ ਵਰਗਾਂ ਵਿੱਚ ਵੰਡਿਆ ਹੋਇਆ ਸੀ।
- ❖ ਸਦਾ ਕੌਰ ਕਨ੍ਹਈਆ ਮਿਸਲ ਨਾਲ ਸੰਬੰਧ ਰੱਖਦੀ ਸੀ।
- ❖ 182● ਈ. ਵਿੱਚ ਹਰੀ ਸਿੰਘ ਨਲਵਾ ਨੂੰ ਕਸ਼ਮੀਰ ਦਾ ਨਵਾਂ ਗਵਰਨਰ ਨਿਯੁਕਤ ਕੀਤਾ ਗਿਆ ਸੀ।
- ❖ ਮੁਗਲ ਕਾਲ ਵਿੱਚ ਚਿਸ਼ਤੀ ਸਿਲਸਲਾ ਬਹੁਤ ਪ੍ਰਸਿੱਧ ਸੀ।
- ❖ ਨਿਸ਼ਾਨਵਾਲੀਆ ਮਿਸਲ ਦਾ ਮੋਢੀ ਹਮੀਰ ਸਿੰਘ ਸੀ।
- ❖ ਰਾਜਾ ਧਿਆਨ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਧਾਨ ਮੰਤਰੀ ਸੀ।
- ❖ ਡੱਲੇ ਵਾਲੀਆਂ ਮਿਸਲ ਦੇ ਸਭ ਤੋ ਪ੍ਰਸਿੱਧ ਨੇਤਾ ਬਾਬਾ ਦੀਪ ਸਿੰਘ ਜੀ ਸਨ।
- ❖ ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਦਾ ਨਾਂ ਸ਼ੇਰ ਸਿੰਘ ਸੀ।
- ❖ ਨਵਾਬ ਕਪੂਰ ਸਿੰਘ ਦਲ ਖ਼ਾਲਸਾ ਦੇ ਪ੍ਰਧਾਨ ਸੈਨਾਪਤੀ ਸੀ।
- ❖ ਬਾਲਾਜੀ ਬਾਜੀਰਾਓ ਦੇ ਪੁੱਤਰ ਦਾ ਨਾਂ ਵਿਸ਼ਵਾਸ਼ ਰਾਓ ਸੀ।
- ❖ ਸਰਦਾਰ ਹਰੀ ਸਿੰਘ ਨਲੂਆ ਨੂੰ ਜਫ਼ਰਜੰਗ ਦਾ ਖਿਤਾਬ ਹਾਸਿਲ ਸੀ।

- ਹਰਮਿੰਦਰ ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ ਬਾਬਾ ਬੁੱਢਾ ਜੀ ਸਨ।
- ਅਹਿਮਦਸ਼ਾਹ ਅਬਦਾਲੀ ਨੇ ਭਾਰਤ ’ਤੇ ਕੁੱਲ 6 ਹਮਲੇ ਕੀਤੇ ਸਨ।
- ਮਰਾਠਾ ਨੇਤਾ ਜਸਵੰਤ ਰਾਓ ਹੋਲਕਰ 18●5 ਈ. ਵਿੱਚ ਪੰਜਾਬ ਆਇਆ ਸੀ।
- ਗੁਰਮੁਖੀ ਲਿਪੀ ਨੂੰ ਗੁਰੂ ਅੰਗਦ ਦੇਵ ਜੀ ਨੇ ਹਰਮਨ ਪਿਆਰਾ ਬਣਾਇਆ।
- ਸ੍ਰੀ ਅਨੰਦਪੁਰ ਸਾਹਿਬ ਦਾ ਪਹਿਲਾ ਨਾਂ ਚੱਕ ਨਾਨਕੀ ਸੀ।
- ਨਵਾਬ ਕਪੂਰ ਸਿੰਘ ਦਲ ਖਾਲਸਾ ਦਾ ਪ੍ਰਧਾਨ ਸੈਨਾਪਤੀ ਸੀ।
- ਮਹਾਰਾਜਾ ਰਣਜੀਤ ਸਿੰਘ ਨੇ 18●5 ਈਸਵੀ ਵਿੱਚ ਲਾਹੌਰ ਉੱਪਰ ਜਿੱਤ ਪ੍ਰਾਪਤ ਕੀਤੀ।
- ਮਹਾਰਾਜਾ ਦਲੀਪ ਸਿੰਘ ਪੰਜਾਬ ਦੇ ਆਖਰੀ ਸਿੱਖ ਮਹਾਰਾਜਾ ਸੀ।
- ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦੇ ਛੋਟੇ ਭਰਾ ਸੀ।
- ਭੰਗਾਣੀ ਦੇ ਯੁੱਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਮੀਰ ਮੰਨੂੰ ਨੂੰ ਹਰਾਇਆ ਸੀ।
- ਸਰਦਾਰ ਮਹਾਂ ਸਿੰਘ, ਘਨੱਈਆ ਮਿਸਲ ਦੇ ਮੁਖੀ ਸਨ।
- ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਕਿਹਾ ਜਾਂਦਾ ਹੈ।

**ਇੱਕ ਦੋ ਸ਼ਬਦਾਂ ਵਾਲੇ ਪ੍ਰਸ਼ਨ : –**

- ਪੰਜਾਬ ਦਾ ਸ਼ਾਬਦਿਕ ਅਰਥ ਕੀ ਹੈ?
- ਪੰਜਾਬ ਦੇ ਪੰਜ ਦਰਿਆ ਕਿਹੜੇ-ਕਿਹੜੇ ਹਨ?
- ਆਰੀਆ ਲੋਕਾਂ ਨੇ ਪੰਜਾਬ ਦਾ ਕੀ ਨਾਂ ਰੱਖਿਆ?
- ਸਪਤ -ਸਿੰਧੂ ਤੋਂ ਕੀ ਭਾਵ ਹੈ?
- ਯੂਨਾਨੀਆਂ ਨੇ ਪੰਜਾਬ ਨੂੰ ਕੀ ਨਾਂ ਦਿੱਤਾ?
- ਪੈਂਟਾਪੋਟਾਮੀਆਂ ਤੋਂ ਕੀ ਭਾਵ ਹੈ?
- ਰਮਾਇਣ, ਮਹਾਭਾਰਤ ਮਹਾਂਕਾਵਾਂ ਤੇ ਪੁਰਾਣਾਂ ਵਿੱਚ ਪੰਜਾਬ ਨੂੰ ਕੀ ਕਿਹਾ ਗਿਆ ਹੈ?
- ਪੰਚਨਦ ਤੋਂ ਕੀ ਭਾਵ ਹੈ?
- ਮੱਧਕਾਲ ਵਿੱਚ ਪੰਜਾਬ ਦਾ ਕੀ ਨਾਂ ਸੀ?
- ਪੰਜਾਬ ਦੇ ਉੱਤਰ-ਪੱਛਮ ਵਿੱਚ ਸਥਿਤ ਪ੍ਰਸਿੱਧ ਦੱਰੇ ਕਿਹੜੇ ਹਨ?
- ਪੰਜਾਬ ਨੂੰ ਦੁਆਬਿਆਂ ਵਿੱਚ ਕਿਸ ਸ਼ਾਸਕ ਨੇ ਵੰਡਿਆ ?
- ਪੰਜਾਬ ਨੂੰ ਕੁੱਲ ਕਿੰਨ੍ਹੇ ਦੁਆਬਿਆਂ ਵਿੱਚ ਵੰਡਿਆ ਗਿਆ ?
- ਪੰਜਾਬ ਦੇ ਪੰਜ ਦੁਆਬਿਆਂ ਦੇ ਨਾਮ ਦੱਸੋ?
- ਬਾਰੀ ਦੁਆਬ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ?
- ਜਨਮ ਸਾਖੀਆਂ ਤੋਂ ਕੀ ਭਾਵ ਹੈ?
- ਦਸਮ ਗ੍ਰੰਥ ਸਾਹਿਬ ਦਾ ਸੰਕਲਨ ਕਦੋਂ ਅਤੇ ਕਿਸ ਨੇ ਕੀਤਾ ?
- ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਕਿਸ ਸਥਾਨ ਤੋਂ ਲਿਖਿਆ ?
- ਗਿਆਨ ਰਤਨਾਵਲੀ ਦਾ ਲੇਖਕ ਕੌਣ ਸੀ?

- ਭਾਈ ਗੁਰਦਾਸ ਜੀ ਨੇ ਕੁੱਲ ਕਿੰਨ੍ਹੀਆਂ ਵਾਰਾਂ ਦੀ ਰਚਨਾ ਕੀਤੀ?
- ਭੱਟ ਵਹੀਆਂ ਦੀ ਖੋਜ ਕਿਸ ਨੇ ਕੀਤੀ?
- 'ਹੁਕਮਨਾਮੇ' ਤੋਂ ਕੀ ਭਾਵ ਹੈ?
- ਹੁਣ ਤੱਕ ਕੁੱਲ ਕਿੰਨ੍ਹੇ ਹੁਕਮਨਾਮੇ ਪ੍ਰਾਪਤ ਹੋਏ ਹਨ?
- ਸ੍ਰੀ ਗੁਰਸੋਭਾ ਦਾ ਲੇਖਕ ਕੌਣ ਸੀ?
- ਸਿੱਖਾਂ ਦੀ ਭਗਤਮਾਲਾ ਪੁਸਤਕ ਕਿਸ ਦੀ ਰਚਨਾ ਹੈ?
- ਤੁਜ਼ਕ-ਏ-ਬਾਬਰੀ ਦਾ ਲੇਖਕ ਕੌਣ ਸੀ?
- ਮੁਗਲ ਬਾਦਸ਼ਾਹ ਜਹਾਂਗੀਰ ਦੀ ਆਤਮ ਕਥਾ ਦਾ ਨਾਂ ਲਿਖੋ?
- ਅਕਬਰਨਾਮਾ ਅਤੇ ਆਇਨ-ਏ-ਅਕਬਰੀ ਦੀ ਰਚਨਾ ਕਿਸ ਨੇ ਕੀਤੀ?
- ਚਾਰ-ਬਾਗ-ਏ ਪੰਜਾਬ ਪੁਸਤਕ ਕਿਸ ਦੀ ਰਚਨਾ ਹੈ?
- ਖਾਲਸਾ ਦਰਬਾਰ ਰਿਕਾਰਡ ਕਿਸ ਭਾਸ਼ਾ ਵਿੱਚ ਹਨ?
- ਲੋਧੀ ਵੰਸ਼ ਦੇ ਸ਼ਾਸਨ ਦੀ ਨੀਂਹ ਕਿਸ ਨੇ ਰੱਖੀ?
- ਬਹਿਲੋਲ ਲੋਧੀ ਦਾ ਉੱਤਰਾਧਿਕਾਰੀ ਕੌਣ ਬਣਿਆ?
- ਦੌਲਤ ਖਾਂ ਲੋਧੀ ਪੰਜਾਬ ਦਾ ਸੂਬੇਦਾਰ ਕਦੋਂ ਨਿਯੁਕਤ ਕੀਤਾ ਗਿਆ?
- ਲੋਧੀ ਵੰਸ਼ ਦਾ ਆਖਰੀ ਸੁਲਤਾਨ ਕੌਣ ਸੀ?
- ਪਾਨੀਪਤ ਦੀ ਪਹਿਲੀ ਲੜਾਈ ਕਦੋਂ ਤੇ ਕਿੰਨ੍ਹਾ ਵਿਚਕਾਰ ਹੋਈ?
- ਪਾਨੀਪਤ ਦੀ ਪਹਿਲੀ ਲੜਾਈ ਦਾ ਕੀ ਸਿੱਟਾ ਨਿਕਲਿਆ?
- ਪਾਨੀਪਤ ਦੀ ਦੂਸਰੀ ਲੜਾਈ ਕਦੋਂ ਤੇ ਕਿੰਨ੍ਹਾ ਵਿਚਕਾਰ ਹੋਈ?
- ਬਾਬਰ ਕਿੱਥੋਂ ਦਾ ਸ਼ਾਸਕ ਸੀ?
- ਪੰਜਾਬ ਉੱਤੇ ਬਾਬਰ ਨੇ ਆਪਣਾ ਪਹਿਲਾ ਹਮਲਾ ਕਦੋਂ ਕੀਤਾ?
- ਬਾਬਰ ਦੇ ਕਿਹੜੇ ਹਮਲੇ ਦੀ ਤੁਲਨਾ ਗੁਰੂ ਨਾਨਕ ਦੇਵ ਜੀ ਨੇ ਪਾਪ ਦੀ ਜੰਞ ਨਾਲ ਕੀਤੀ?
- ਪੰਜਾਬ ਵਿੱਚ ਕਿਸ ਧਰਮ ਦਾ ਜਨਮ ਹੋਇਆ?
- ਸਿੱਖ ਧਰਮ ਦੇ ਸੰਸਥਾਪਕ ਕੌਣ ਹਨ?
- ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
- ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨੂੰ ਅੱਜ ਕੱਲ੍ਹ ਕੀ ਕਿਹਾ ਜਾਂਦਾ ਹੈ?
- ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਦਾ ਕੀ ਨਾਂ ਸੀ?
- ਗੁਰੂ ਨਾਨਕ ਦੇਵ ਜੀ ਦੀ ਮਾਤਾ ਜੀ ਦਾ ਕੀ ਨਾਂ ਸੀ?
- ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਦੇ ਨਾਮ ਦੱਸੋ?
- ਉਦਾਸੀ ਮੱਤ ਦਾ ਸੰਸਥਾਪਕ ਕੌਣ ਸੀ?
- ਗੁਰੂ ਨਾਨਕ ਦੇਵ ਜੀ ਦੀ ਨੇ ਆਪਣੀ ਪਹਿਲੀ ਉਦਾਸੀ ਕਿੱਥੋਂ ਸ਼ੁਰੂ ਕੀਤੀ?
- ਉਦਾਸੀਆਂ ਸਮੇਂ ਗੁਰੂ ਨਾਨਕ ਦੇਵ ਜੀ ਦਾ ਸਾਥੀ ਕੌਣ ਸੀ?

❖ ਸੈਦਪੁਰ ਵਿੱਚ ਗੁਰੂ ਨਾਨਕ ਦੇਵ ਜੀ ਕਿਸ ਦੇ ਘਰ ਠਹਿਰੇ?
❖ ਸੱਜਣ ਠੱਗ ਨੂੰ ਗੁਰੂ ਨਾਨਕ ਦੇਵ ਜੀ ਕਿੱਥੇ ਮਿਲੇ?
❖ ਪਾਣੀਪਤ ਵਿਖੇ ਗੁਰੂ ਨਾਨਕ ਦੇਵ ਜੀ ਕਿਸ ਸੂਫ਼ੀ ਨੂੰ ਮਿਲੇ?
❖ ਮੱਕਾ ਵਿਖੇ ਕਿਹੜੇ ਕਾਜ਼ੀ ਨੂੰ ਗੁਰੂ ਨਾਨਕ ਦੇਵ ਜੀ ਨੇ ਤਰਕ ਨਾਲ ਸਮਝਾਇਆ ਕਿ ਪਰਮਾਤਮਾ ਹਰ ਥਾਂ ਮੌਜੂਦ ਹੈ?
❖ ਗੁਰੂ ਨਾਨਕ ਦੇਵ ਜੀ ਕਦੋਂ ਤੇ ਕਿੱਥੇ ਜੋਤੀ-ਜੋਤ ਸਮਾਏ ਸਨ?
❖ ਗੁਰੂ ਅੰਗਦ ਦੇਵ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
❖ ਗੁਰੂ ਅੰਗਦ ਦੇਵ ਜੀ ਦੇ ਪਿਤਾ ਜੀ ਦਾ ਕੀ ਨਾਮ ਸੀ ?
❖ ਕਿਹੜਾ ਮੁਗਲ ਬਾਦਸ਼ਾਹ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਆਇਆ ਸੀ?
❖ ਗੁਰੂ ਅੰਗਦ ਦੇਵ ਜੀ ਦਾ ਧਾਰਮਿਕ ਸਰਗਰਮੀਆਂ ਦਾ ਕੇਂਦਰ ਕਿਹੜਾ ਸੀ?
❖ ਗੁਰੂ ਅਮਰਦਾਸ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
❖ ਗੁਰੂ ਅਮਰਦਾਸ ਜੀ ਦੇ ਪਿਤਾ ਦਾ ਨਾਮ ਦੱਸੋ?
❖ ਗੁਰੂ ਅਮਰਦਾਸ ਜੀ ਦੇ ਪੁੱਤਰਾਂ ਦੇ ਕੀ ਨਾਮ ਸਨ?
❖ ਗੁਰੂ ਅਮਰਦਾਸ ਜੀ ਗੁਰਗੱਦੀ ਉੱਤੇ ਬੈਠੇ ਤਾਂ ਉਸ ਸਮੇਂ ਉਨ੍ਹਾਂ ਦੀ ਉਮਰ ਕਿੰਨ੍ਹੀ ਸੀ?
❖ ਮੰਜੀ ਪ੍ਰਥਾ ਦੀ ਸਥਾਪਨਾ ਕਿਸਨੇ ਕੀਤੀ ਸੀ?
❖ ਕਿਹੜਾ ਮੁਗਲ ਬਾਦਸ਼ਾਹ ਗੁਰੂ ਅਮਰਦਾਸ ਜੀ ਨੂੰ ਮਿਲਣ ਗੋਇੰਦਵਾਲ ਸਾਹਿਬ ਆਇਆ ਸੀ?
❖ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦਾ ਨਿਰਮਾਣ ਕਦੋਂ ਸ਼ੁਰੂ ਕੀਤਾ?
❖ ਗੁਰੂ ਰਾਮਦਾਸ ਜੀ ਦੇ ਪਿਤਾ ਜੀ ਦਾ ਨਾਂ ਕੀ ਸੀ?
❖ ਗੁਰੂ ਰਾਮਦਾਸ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
❖ ਗੁਰੂ ਰਾਮਦਾਸ ਜੀ ਦਾ ਬਚਪਨ ਦਾ ਨਾਂ ਕੀ ਸੀ?
❖ ਗੁਰੂ ਰਾਮਦਾਸ ਜੀ ਦੇ ਪੁੱਤਰਾਂ ਦੇ ਨਾਂ ਕੀ ਸੀ?
❖ ਗੁਰੂ ਰਾਮਦਾਸ ਜੀ ਨੇ ਕਿਹੜਾ ਨਗਰ ਵਸਾਇਆ?
❖ ਮਸੰਦ ਪ੍ਰਥਾ ਕਿਸ ਗੁਰੂ ਸਾਹਿਬ ਨੇ ਚਲਾਈ?
❖ 'ਲਾਵਾਂ' ਬਾਣੀ ਦੀ ਰਚਨਾ ਕਿਹੜੇ ਗੁਰੂ ਸਾਹਿਬ ਨੇ ਕੀਤੀ?
❖ ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ?
❖ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਕਿਸ ਗੁਰੂ ਸਾਹਿਬ ਨੇ ਕਰਵਾਇਆ?
❖ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਦੋਂ ਤੇ ਕਿਸਨੇ ਰੱਖੀ?
❖ ਗੁਰੂ ਅਰਜਨ ਦੇਵ ਜੀ ਨੇ ਬਾਉਲੀ ਕਿੱਥੇ ਬਣਵਾਈ?
❖ ਗੁਰੂ ਅਰਜਨ ਦੇਵ ਜੀ ਨੇ ਕਿਹੜੇ ਨਵੇਂ ਨਗਰਾਂ ਨੂੰ ਵਸਾਇਆ?
❖ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਿਸ ਗੁਰੂ ਸਾਹਿਬ ਨੇ ਕੀਤਾ?

❖ਸ੍ਰੀ ਹਰਿਮੰਦਰ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਦੋਂ ਕੀਤਾ ਗਿਆ?
❖ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ ਕੌਣ ਸਨ?
❖ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਭ ਤੋਂ ਵੱਧ ਸ਼ਬਦ ਕਿਸ ਗੁਰੂ ਸਾਹਿਬ ਦੇ ਹਨ?
❖ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿੰਨ੍ਹੇ ਗੁਰੂ ਸਾਹਿਬਾਨਾਂ ਦੀ ਬਾਣੀ ਹੈ?
❖ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿੰਨ੍ਹੇ ਭਗਤਾਂ ਦੀ ਬਾਣੀ ਸ਼ਾਮਲ ਕੀਤੀ ਗਈ?
❖ਗੁਰੂ ਗ੍ਰੰਥ ਸਾਹਿਬ ਜੀ ਦੀ ਲਿਪੀ ਕਿਹੜੀ ਹੈ?
❖ਗੁਰੂ ਗ੍ਰੰਥ ਸਾਹਿਬ ਜੀ ਦਾ ਆਰੰਭ ਕਿਸ ਬਾਣੀ ਨਾਲ ਹੁੰਦਾ ਹੈ?
❖ਜਹਾਂਗੀਰ ਦੇ ਵਿਰੁੱਧ ਉਸਦੇ ਕਿਸ ਪੁੱਤਰ ਨੇ ਕਦੋਂ ਬਗਾਵਤ ਕੀਤੀ?
❖ਸ਼ਹੀਦਾਂ ਦੇ ਸਰਤਾਜ ਕਿਹੜੇ ਗੁਰੂ ਸਾਹਿਬ ਨੂੰ ਕਿਹਾ ਜਾਂਦਾ ਹੈ?
❖ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਿਸ ਮੁਗਲ ਬਾਦਸ਼ਾਹ ਦੇ ਆਦੇਸ਼ ਉੱਤੇ ਹੋਈ?
❖ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਦੋਂ ਹੋਈ?
❖ਗੁਰੂ ਅਰਜਨ ਦੇਵ ਜੀ ਨੂੰ ਕਿੱਥੇ ਸ਼ਹੀਦ ਕੀਤਾ ਗਿਆ?
❖ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਉੱਤੇ ਬੈਠਣ ਤੋਂ ਬਾਅਦ ਕਿਸ ਨਵੀਂ ਨੀਤੀ ਨੂੰ ਅਪਣਾਇਆ?
❖ਅਕਾਲ ਤਖਤ ਸਾਹਿਬ ਦਾ ਨਿਰਮਾਣ ਕਿਸ ਗੁਰੂ ਸਾਹਿਬ ਨੇ ਕਰਵਾਇਆ ਸੀ?
❖ਅਕਾਲ ਤਖਤ ਸਾਹਿਬ ਦੀ ਨੀਂਹ ਕਦੋਂ ਰੱਖੀ ਗਈ?
❖ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਲੋਹਗੜ੍ਹ ਕਿਲੇ ਦਾ ਨਿਰਮਾਣ ਕਿੱਥੇ ਕਰਵਾਇਆ ਸੀ?
❖ਸਿੱਖ ਧਰਮ ਦੇ ਕਿਸ ਗੁਰੂ ਸਾਹਿਬ ਨੂੰ ਬੰਦੀ ਛੋੜ ਬਾਬਾ ਆਖਿਆ ਜਾਂਦਾ ਹੈ?
❖ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਮੁਗਲਾਂ ਵਿਚਕਾਰ ਪਹਿਲੀ ਲੜਾਈ ਕਿੱਥੇ ਹੋਈ।
❖ਗੁਰੂ ਹਰਿ ਰਾਏ ਜੀ ਦੇ ਪਿਤਾ ਦਾ ਨਾਂ ਦੱਸੋ?
❖ਗੁਰੂ ਹਰਿ ਰਾਏ ਜੀ ਕਦੋਂ ਜੋਤੀ ਜੋਤ ਸਮਾਂ ਗਏ?
❖ਗੁਰੂ ਹਰਿ ਕ੍ਰਿਸ਼ਨ ਜੀ ਦਾ ਜਨਮ ਕਦੋਂ ਹੋਇਆ ਸੀ।
❖ਗੁਰੂ ਹਰਿ ਕ੍ਰਿਸ਼ਨ ਜੀ ਗੁਰਗੱਦੀ ਉੱਪਰ ਕਦੋਂ ਬਿਰਾਜਮਾਨ ਹੋਏ?
❖ਕਿਸ ਗੁਰੂ ਸਾਹਿਬ ਨੂੰ 'ਬਾਲ ਗੁਰੂ' ਕਿਹਾ ਜਾਂਦਾ ਹੈ?
❖ਗੁਰੂ ਹਰਿ ਕ੍ਰਿਸ਼ਨ ਜੀ ਕਦੋਂ ਜੋਤੀ-ਜੋਤ ਸਮਾਏ?
❖ਗੁਰੂ ਤੇਗ ਬਹਾਦਰ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
❖ਗੁਰੂ ਤੇਗ ਬਹਾਦਰ ਜੀ ਦੇ ਪਿਤਾ ਜੀ ਦਾ ਨਾਂ ਕੀ ਸੀ?
❖ਗੁਰੂ ਤੇਗ ਬਹਾਦਰ ਜੀ ਦੇ ਮਾਤਾ ਜੀ ਦਾ ਨਾਂ ਕੀ ਸੀ?
❖ਗੁਰੂ ਤੇਗ ਬਹਾਦਰ ਜੀ ਦਾ ਬਚਪਨ ਦਾ ਨਾਂ ਕੀ ਸੀ?
❖ਗੁਰੂ ਤੇਗ ਬਹਾਦਰ ਜੀ ਨੂੰ ਕਦੋਂ ਤੇ ਕਿੱਥੇ ਸ਼ਹੀਦ ਕੀਤਾ ਗਿਆ ?
❖ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਮੇਂ ਕਿਸ ਮੁਗਲ ਬਾਦਸ਼ਾਹ ਦੀ ਹਕੂਮਤ ਸੀ?

❖ਗੁਰੂ ਤੇਗ ਬਹਾਦਰ ਜੀ ਨਾਲ ਕਿਹੜੇ ਤਿੰਨ ਸ਼ਰਧਾਲੂ ਸਿੱਖ ਸ਼ਹੀਦ ਹੋਏ?
❖ਹਿੰਦ ਦੀ ਚਾਦਰ ਕਿਸ ਗੁਰੂ ਸਾਹਿਬ ਨੂੰ ਕਿਹਾ ਜਾਂਦਾ ਹੈ?
❖ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਹੋਇਆ?
❖ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਉੱਤੇ ਕਦੋਂ ਬਿਰਾਜਮਾਨ ਹੋਏ ?
❖ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਨਾਂ ਕੀ ਸੀ?
❖ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਕਿੰਨ੍ਹੇ ਕਵੀ ਸਨ?
❖ਖਾਲਸਾ ਪੰਥ ਦੀ ਸਿਰਜਨਾ ਕਿਸ ਗੁਰੂ ਸਾਹਿਬ ਨੇ ਕੀਤੀ?
❖ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਨਾ ਕਿੱਥੇ ਕੀਤੀ ਸੀ?
❖ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਨੂੰ ਕਿਸ ਲੜਾਈ ਵਿੱਚ ਸ਼ਹੀਦ ਕੀਤਾ ਗਿਆ ਸੀ?
❖ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਕਿੱਥੇ ਸ਼ਹੀਦ ਕੀਤਾ ਗਿਆ ਸੀ?
❖ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਰਹਿੰਦ ਦਾ ਫ਼ੌਜਦਾਰ ਕੌਣ ਸੀ?
❖ਗੁਰੂ ਗੋਬਿੰਦ ਸਿੰਘ ਜੀ ਕਦੋਂ ਤੇ ਕਿੱਥੇ ਜੋਤੀ ਜੋਤ ਸਮਾਏ?
❖ਬੰਦਾ ਸਿੰਘ ਬਹਾਦਰ ਦੀ ਰਾਜਧਾਨੀ ਦਾ ਨਾਂ ਦੱਸੋ?
❖ਬੰਦਾ ਸਿੰਘ ਬਹਾਦਰ ਨੇ ਕਿਸ ਰਾਜ ਦੀ ਰਾਜਕੁਮਾਰੀ ਨਾਲ ਵਿਆਹ ਕੀਤਾ ਸੀ?
❖ਬੰਦਾ ਸਿੰਘ ਬਹਾਦਰ ਨੇ ਕਿਹੜੇ ਸਿੱਕੇ ਜਾਰੀ ਕੀਤੇ?
❖ਬੰਦਾ ਸਿੰਘ ਬਹਾਦਰ ਤੇ ਮੁਗਲਾਂ ਵਿਚਕਾਰ ਲੜੀ ਗਈ ਆਖਰੀ ਲੜਾਈ ਕਿਹੜੀ ਸੀ?
❖ਬੰਦਾ ਸਿੰਘ ਬਹਾਦਰ ਨੂੰ ਕਦੋਂ ਤੇ ਕਿੱਥੇ ਸ਼ਹੀਦ ਕੀਤਾ ਗਿਆ?
❖ਅਬਦੁਸ ਸਮਦ ਖਾਂ ਦਾ ਕਾਰਜਕਾਲ ਕੀ ਸੀ?
❖ਭਾਈ ਮਨੀ ਸਿੰਘ ਜੀ ਨੂੰ ਕਦੋਂ ਤੇ ਕਿਸ ਨੇ ਸ਼ਹੀਦ ਕਰਵਾਇਆ?
❖ਸਿੱਖਾਂ ਦੇ ਕਿਸ ਆਗੂ ਨੂੰ ਨਵਾਬ ਦੀ ਉਪਾਧੀ ਦਿੱਤੀ ਗਈ?
❖ਬੁੱਢਾ ਦਲ ਤੇ ਤਰੁਨਾ ਦਲ ਦੀ ਸਥਾਪਨਾ ਕਦੋਂ ਤੇ ਕਿੱਥੇ ਕੀਤੀ ਗਈ?
❖ਨਾਦਰ ਸ਼ਾਹ ਨੇ ਭਾਰਤ ਉੱਤੇ ਕਦੋਂ ਹਮਲਾ ਕੀਤਾ ?
❖ਜ਼ਕਰੀਆਂ ਖਾਂ ਦੀ ਮੌਤ ਤੋਂ ਬਾਅਦ ਪੰਜਾਬ ਦਾ ਸੂਬੇਦਾਰ ਕੌਣ ਬਣਿਆ ਅਤੇ ਉਸਦਾ ਕਾਰਜ ਕਾਲ ਕੀ ਸੀ?
❖ਛੋਟਾ ਘੱਲੂਘਾਰਾ ਕਦੋਂ ਤੇ ਕਿੱਥੇ ਹੋਇਆ?
❖ਪੰਜਾਬ ਵਿੱਚ ਮੁਗਲ ਸ਼ਾਸਨ ਦਾ ਅੰਤ ਕਦੋਂ ਹੋਇਆ?
❖ਪੰਜਾਬ ਵਿੱਚ ਮੁਗਲਾਂ ਦਾ ਆਖਰੀ ਸੂਬੇਦਾਰ ਕੌਣ ਸੀ?
❖ਮੀਰ ਮੰਨੂੰ ਲਾਹੌਰ ਦਾ ਸੂਬੇਦਾਰ ਕਦੋਂ ਬਣਿਆ?
❖ਮੁਗਲਾਨੀ ਬੇਗਮ ਪੰਜਾਬ ਦੀ ਸੂਬੇਦਾਰ ਕਦੋਂ ਬਣੀ ਸੀ?
❖ਦਲ ਖਾਲਸਾ ਦੀ ਸਥਾਪਨਾ ਕਦੋਂ ਤੇ ਕਿੱਥੇ ਹੋਈ?

❖ਦਲ ਖਾਲਸਾ ਦਾ ਪ੍ਰਧਾਨ ਸੈਨਾਪਤੀ ਕੌਣ ਸੀ?
❖ਜੱਸਾ ਸਿੰਘ ਆਹਲੂਵਾਲੀਆ ਨੂੰ ਕਿਹੜੀ ਉਪਾਧੀ ਦਿੱਤੀ ਗਈ?
❖ਮੁਗਲਕਾਲੀਨ ਪੰਜਾਬ ਦੇ ਦੋ ਸਭ ਤੋਂ ਪ੍ਰਸਿੱਧ ਵਪਾਰਿਕ ਨਗਰ ਕਿਹੜੇ ਸਨ?
❖ਮੁਗਲਕਾਲੀਨ ਪੰਜਾਬ ਵਿੱਚ ਕਿਹੜਾ ਸਿੱਕਾ ਸਭ ਤੋਂ ਵੱਧ ਪ੍ਰਚਲਿੱਤ ਸੀ?
❖ਅਹਿਮਦ ਸ਼ਾਹ ਅਬਦਾਲੀ ਕੌਣ ਸੀ?
❖ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ’ਤੇ ਕਿੰਨ੍ਹੀ ਵਾਰ ਹਮਲੇ ਕੀਤੇ?
❖ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਚੌਥੇ ਹਮਲੇ ਦੌਰਾਨ ਪੰਜਾਬ ਦਾ ਸੂਬੇਦਾਰ ਕਿਸ ਨੂੰ ਨਿਯੁਕਤ ਕੀਤਾ?
❖ਮਰਾਠਿਆਂ ਨੇ ਪੰਜਾਬ ਦਾ ਪਹਿਲਾ ਸੂਬੇਦਾਰ ਕਿਸ ਨੂੰ ਨਿਯੁਕਤ ਕੀਤਾ ਸੀ?
❖ਪਾਨੀਪਤ ਦੀ ਤੀਸਰੀ ਲੜਾਈ ਕਦੋਂ ਹੋਈ?
❖ਪਾਨੀਪਤ ਦੀ ਤੀਸਰੀ ਲੜਾਈ ਕਿੰਨ੍ਹਾਂ ਵਿਚਕਾਰ ਹੋਈ?
❖ਵੱਡਾ ਘੱਲੂਘਾਰਾ ਕਦੋਂ ਤੇ ਕਿੱਥੇ ਵਾਪਰਿਆ?
❖ਮਿਸਲ ਸ਼ਬਦ ਤੋਂ ਕੀ ਭਾਵ ਹੈ?
❖ਪੰਜਾਬ ਵਿੱਚ ਮਿਸਲਾਂ ਦੀ ਗਿਣਤੀ ਕਿੰਨ੍ਹੀ ਸੀ?
❖ਸਿੱਖ ਮਿਸਲਾਂ ਦੀ ਕੇਂਦਰੀ ਸੰਸਥਾ ਕਿਹੜੀ ਸੀ?
❖ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ?
❖ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਦਾ ਕੀ ਨਾਂ ਸੀ?
❖ਮਹਾਰਾਜਾ ਰਣਜੀਤ ਸਿੰਘ ਦਾ ਮੁੱਢਲਾ ਨਾਂ ਕੀ ਸੀ?
❖ਮਹਾਰਾਜਾ ਰਣਜੀਤ ਸਿੰਘ ਕਦੋਂ ਰਾਜਗੱਦੀ ਉੱਤੇ ਬੈਠਿਆ ?
❖ਮਹਾਰਾਜਾ ਰਣਜੀਤ ਸਿੰਘ ਨੇ ਸ਼ੁਕਰਚੱਕੀਆ ਮਿਸਲ ਦੀ ਵਾਗਡੋਰ ਕਦੋਂ ਆਪਣੇ ਹੱਥਾ ਵਿੱਚ ਲਈ।
❖ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ’ਤੇ ਜਿੱਤ ਕਦੋਂ ਪ੍ਰਾਪਤ ਕੀਤੀ?
❖ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਕਦੋਂ ਤੇ ਕਿਸ ਤੋਂ ਜਿੱਤਿਆ?
❖ਜਮਜਮਾ ਕੀ ਸੀ?
❖ਮਹਾਰਾਜਾ ਰਣਜੀਤ ਸਿੰਘ ਨੇ ਕੋਹਿਨੂਰ ਹੀਰਾ ਕਿਸ ਤੋਂ ਪ੍ਰਾਪਤ ਕੀਤਾ?
❖ਅੰਗਰੇਜ਼ਾਂ ਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਅੰਮ੍ਰਿਤਸਰ ਦੀ ਸੰਧੀ ਕਦੋਂ ਹੋਈ?
❖ਅੰਮ੍ਰਿਤਸਰ ਸੰਧੀ ਦੁਆਰਾ ਮਹਾਰਾਜਾ ਰਣਜੀਤ ਸਿੰਘ ਤੇ ਅੰਗਰੇਜ਼ਾਂ ਵਿਚਕਾਰ ਕਿਹੜਾ ਦਰਿਆ ਸੀਮਾ ਬਣਿਆ?
❖ਤਿੰਨ ਪੱਖੀ ਸੰਧੀ ਕਦੋਂ ਤੇ ਕਿੰਨ੍ਹਾਂ ਵਿਚਕਾਰ ਹੋਈ?
❖ਮਹਾਰਾਜਾ ਰਣਜੀਤ ਸਿੰਘ ਦਾ ਪ੍ਰਧਾਨ ਮੰਤਰੀ ਕੌਣ ਸੀ?
❖ਮਹਾਰਾਜਾ ਰਣਜੀਤ ਸਿੰਘ ਦਾ ਸਾਮਰਾਜ ਕਿੰਨ੍ਹੇ ਸੂਬਿਆਂ ਵਿੱਚ ਵੰਡਿਆ ਹੋਇਆ ਸੀ?

❖ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਲਾਹੌਰ ਦਾ ਪ੍ਰਸਿੱਧ ਕੋਤਵਾਲ ਕੌਣ ਸੀ?
❖ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪ੍ਰਸ਼ਾਸਨ ਦੀ ਸਭ ਤੋਂ ਛੋਟੀ ਇਕਾਈ ਨੂੰ ਕੀ ਕਹਿੰਦੇ ਸਨ?
❖ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਰਾਜ ਦੀ ਸਭ ਤੋਂ ਵੱਡੀ ਅਦਾਲਤ ਕਿਹੜੀ ਹੁੰਦੀ ਸੀ?
❖ਮਹਾਰਾਜਾ ਰਣਜੀਤ ਸਿੰਘ ਦੀ ਫੌਜ ਕਿਹੜੇ ਦੋ ਪ੍ਰਮੁੱਖ ਭਾਗਾਂ ਵਿੱਚ ਵੰਡੀ ਹੋਈ ਸੀ?
❖ਮਹਾਰਾਜਾ ਰਣਜੀਤ ਸਿੰਘ ਨੇ ਫ਼ੌਜ-ਏ-ਖਾਸ ਨੂੰ ਸਿਖਲਾਈ ਦੇਣ ਲਈ ਕਿਸ ਨੂੰ ਨਿਯੁਕਤ ਕੀਤਾ ਸੀ?
❖ਮਹਾਰਾਜਾ ਰਣਜੀਤ ਸਿੰਘ ਆਪਣੀ ਸਰਕਾਰ ਨੂੰ ਕੀ ਕਹਿੰਦੇ ਸਨ?
❖ਪੰਜਾਬ ਦੇ ਕਿਹੜੇ ਸ਼ਾਸਕ ਨੂੰ ਸ਼ੇਰ-ਏ-ਪੰਜਾਬ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ?
❖ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਹਨਾਂ ਦਾ ਉਤਰਾਧਿਕਾਰੀ ਕੌਣ ਬਣਿਆ?
❖ਨਾਬਾਲਗ ਹੋਣ ਕਾਰਨ ਮਹਾਰਾਜਾ ਦਲੀਪ ਸਿੰਘ ਦੀ ਸਰਪ੍ਰਸਤੀ ਕਿਸ ਨੇ ਕੀਤੀ ?
❖ਅੰਗਰੇਜ਼ਾਂ ਤੇ ਸਿੱਖਾਂ ਵਿਚਾਲੇ ਪਹਿਲਾ ਯੁੱਧ ਕਦੋਂ ਹੋਇਆ?
❖ਮੁੱਦਕੀ ਦੀ ਲੜਾਈ ਕਦੋਂ ਹੋਈ?
❖ਫਿਰੋਜਸ਼ਾਹ ਜਾਂ ਫੇਰੂ ਸ਼ਹਿਰ ਦੀ ਲੜਾਈ ਕਦੋਂ ਲੜੀ ਗਈ ਸੀ?
❖ਬੱਦੋਵਾਲ ਦੀ ਲੜਾਈ ਕਦੋਂ ਹੋਈ?
❖ਸਭਰਾਉਂ ਦੀ ਲੜਾਈ ਕਦੋਂ ਹੋਈ?
❖ਪਹਿਲਾਂ ਐਂਗਲੋਂ-ਸਿੱਖ ਯੁੱਧ ਕਿਹੜੀ ਲੜਾਈ ਨਾਲ ਸਮਾਪਤ ਹੋਇਆ?
❖ਸਭਰਾਉਂ ਦੀ ਲੜਾਈ ਵਿੱਚ ਸਿੱਖਾਂ ਦਾ ਕਿਹੜਾ ਪ੍ਰਸਿੱਧ ਆਗੂ ਬਹਾਦਰੀ ਨਾਲ ਲੜਦਾ ਸ਼ਹੀਦ ਹੋਇਆ?
❖ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਪਹਿਲਾ ਯੁੱਧ ਕਿਹੜੀ ਸੰਧੀ ਨਾਲ ਸਮਾਪਤ ਹੋਇਆ?
❖ਲਾਹੌਰ ਦੀ ਪਹਿਲੀ ਸੰਧੀ ਕਦੋਂ ਕੀਤੀ ਗਈ ਸੀ?
❖ਲਾਹੌਰ ਦੀ ਦੂਜੀ ਸੰਧੀ ਕਦੋਂ ਕੀਤੀ ਗਈ ਸੀ?
❖ਅੰਗਰੇਜ਼ਾਂ ਤੇ ਸਿੱਖਾਂ ਵਿਚਾਲੇ ਭੈਰੋਵਾਲ ਦੀ ਸੰਧੀ ਕਦੋਂ ਹੋਈ?
❖ਦੂਸਰਾ ਐਂਗਲੋ-ਸਿੱਖ ਯੁੱਧ ਕਦੋਂ ਲੜਿਆ ਗਿਆ?
❖ਦੀਵਾਨ ਮੂਲਰਾਜ ਕੌਣ ਸੀ?
❖ਦੂਸਰੇ ਐਂਗਲੋ-ਸਿੱਖ ਦੀ ਕਿਹੜੀ ਲੜਾਈ ਤੋਪਾਂ ਦੀ ਲੜਾਈ ਦੇ ਨਾਂ ਨਾਲ ਪ੍ਰਸਿੱਧ ਹੈ?
❖ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਕਦੋਂ ਸ਼ਾਮਿਲ ਕੀਤਾ ਗਿਆ?
❖ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਿਲ ਕਰਨ ਵੇਲੇ ਭਾਰਤ ਦਾ ਗਵਰਨਰ-ਜਨਰਲ ਕੌਣ ਸੀ
❖ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਸਭ ਤੋਂ ਬਾਅਦ ਵਿੱਚ ਕਿਉਂ ਹੋਇਆ?

## ਭਾਗ –ਅ

**ਭਾਗ –ਅ** ਦੇ ਪ੍ਰਸ਼ਨ ਨੰ. 2 ਵਿੱਚ 3 ਅੰਕਾਂ ਵਾਲੇ 15 ਪ੍ਰਸ਼ਨ ਹਨ। ਜਿਨ੍ਹਾਂ ਵਿੱਚੋਂ ਕੋਈ 10 ਪ੍ਰਸ਼ਨ ਹੱਲ ਕਰਨੇ ਹਨ। ਪ੍ਰਸ਼ਨ ਪੱਤਰ ਵਿੱਚ ਸਿਲੇਬਸ ਦੇ ਭਾਗ ੳ ਵਿੱਚੋਂ 10 ਪ੍ਰਸ਼ਨ ਅਤੇ ਭਾਗ ਅ ਵਿੱਚੋਂ 5 ਪ੍ਰਸ਼ਨ ਹੋਣਗੇ। ਇਹਨਾਂ ਪ੍ਰਸ਼ਨਾਂ ਦੇ ਉੱਤਰ 35-40 ਸ਼ਬਦਾਂ ਵਿੱਚ ਦਿਓ।

**2. ਤਿੰਨ ਅੰਕਾਂ ਵਾਲੇ ਪ੍ਰਸ਼ਨ :** **3 x10 =30**

1. ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਉਂ ਕਿਹਾ ਜਾਂਦਾ ਹੈ?
2. ਹਿਮਾਲਿਆ ਪਰਬਤ ਦੇ ਪੰਜਾਬ ਨੂੰ ਕਿਹੜੇ ਮੁੱਖ ਲਾਭ ਹੋਏ?
3. ਪੰਜਾਬ ਦੇ ਦਰਿਆਵਾਂ ਨੇ ਇਸ ਦੇ ਇਤਿਹਾਸ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ?
4. ਪੰਜਾਬ ਵਿੱਚ ਕਿੰਨੇ ਦੁਆਬੇ ਹਨ? ਕਿਸੇ ਤਿੰਨ ਦਾ ਵਰਣਨ ਕਰੋ?
5. ਜਨਮ ਸਾਖੀਆਂ ਕੀ ਹਨ? ਚਾਰ ਪ੍ਰਮੁੱਖ ਜਨਮ ਸਾਖੀਆਂ ਦਾ ਵਰਣਨ ਲਿਖੋ?
6. ਦਸਮ ਗ੍ਰੰਥ ਸਾਹਿਬ ਬਾਰੇ ਤੁਸੀਂ ਕੀ ਜਾਣਦੇ ਹੋ?
7. ਜ਼ਫ਼ਰਨਾਮਾ ਕੀ ਹੈ? ਇਸ ਦੀ ਇਤਿਹਾਸਕ ਮਹੱਤਤਾ ਕੀ ਹੈ?
8. ਬਚਿੱਤਰ ਨਾਟਕ ਬਾਰੇ ਤੁਸੀਂ ਕੀ ਜਾਣਦੇ ਹੋ?
9. ਭਾਈ ਗੁਰਦਾਸ ਦੀਆਂ ਵਾਰਾਂ ਬਾਰੇ ਤੁਸੀਂ ਕੀ ਜਾਣਦੇ ਹੋ?
10. ਪੰਜਾਬ ਵਿੱਚ 16ਵੀਂ ਸਦੀ ਦੇ ਸ਼ੁਰੂ ਵਿੱਚ ਹੋਏ ਤਿਕੋਣੇ ਸੰਘਰਸ਼ ਬਾਰੇ ਵਰਨਣ ਕਰੋ।
11. ਪਾਨੀਪਤ ਦੀ ਪਹਿਲੀ ਲੜਾਈ ਤੇ ਨੋਟ ਲਿਖੋ।
12. ਦੌਲਤ ਖਾ ਲੋਧੀ ਤੇ ਨੋਟ ਲਿਖੋ।
13. ਸੰਗਤ ਅਤੇ ਪੰਗਤ ਤੇ ਸੰਖੇਪ ਨੋਟ ਲਿਖੋ।
14. 16ਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ ਦੀ ਆਰਥਿਕ ਸਥਿਤੀ ਕਿਹੋ ਜਿਹੀ ਸੀ?
15. ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੇ ਨੋਟ ਲਿਖੋ।
16. ਗੁਰੂ ਨਾਨਕ ਦੇਵ ਜੀ ਦੇ ਪਰਮਾਤਮਾ ਸੰਬੰਧੀ ਕੀ ਵਿਚਾਰ ਸਨ?
17. ਗੁਰੂ ਨਾਨਕ ਦੇਵ ਜੀ ਮਹਾਨ ਕਵੀ ਅਤੇ ਸੰਗੀਤਕਾਰ ਸਨ। ਵਿਆਖਿਆ ਕਰੋ।
18. ਸਿੱਖ ਪੰਥ ਦੇ ਵਿਕਾਸ ਲਈ ਗੁਰੂ ਅੰਗਦ ਦੇਵ ਜੀ ਨੇ ਕੀ–ਕੀ ਕਾਰਜ ਕੀਤੇ?
19. ਮੰਜੀ ਪ੍ਰਥਾ ਕੀ ਸੀ? ਸਿੱਖ ਪੰਥ ਦੇ ਵਿਕਾਸ ਵਿੱਚ ਇਸ ਨੇ ਕੀ ਭੂਮਿਕਾ ਨਿਭਾਈ?
20. ਸੱਤਾ ਅਤੇ ਬਲਵੰਡ ਬਾਰੇ ਤੁਸੀਂ ਕੀ ਜਾਣਦੇ ਹੋ?
21. ਗੁਰੂ ਅਮਰਦਾਸ ਜੀ ਦੇ ਪੰਜ ਸਮਾਜਿਕ ਸੁਧਾਰਾਂ ਦਾ ਵਰਣਨ ਕਰੋ।
22. ਉਦਾਸੀ ਮਤ ਤੇ ਇੱਕ ਸੰਖੇਪ ਨੋਟ ਲਿਖੋ।
23. ਮਸੰਦ ਪ੍ਰਥਾ ਕੀ ਸੀ? ਸਿੱਖ ਪੰਥ ਦੇ ਵਿਕਾਸ ਵਿੱਚ ਇਸ ਨੇ ਕੀ ਭੂਮਿਕਾ ਨਿਭਾਈ?
24. ਪ੍ਰਿਥੀ ਚੰਦ ਕੌਣ ਸੀ? ਉਸ ਨੇ ਗੁਰੂ ਅਰਜਨ ਦੇਵ ਜੀ ਦਾ ਵਿਰੋਧ ਕਿਉਂ ਕੀਤਾ?
25. ਚੰਦੂ ਸ਼ਾਹ ਬਾਰੇ ਤੁਸੀਂ ਕੀ ਜਾਣਦੇ ਹੋ?
26. ਹਰਿਮੰਦਰ ਸਾਹਿਬ ਤੇ ਇੱਕ ਸੰਖੇਪ ਨੋਟ ਲਿਖੋ।

27. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਸੰਖੇਪ ਵਰਣਨ ਕਰੋ।
28. ਮੀਰੀ ਤੇ ਪੀਰੀ ਤੋਂ ਕੀ ਭਾਵ ਹੈ?
29. ਗੁਰੂ ਹਰਗੋਬਿੰਦ ਜੀ ਨੂੰ ਬੰਦੀਛੋੜ ਬਾਬਾ ਕਿਉਂ ਕਿਹਾ ਜਾਂਦਾ ਹੈ?
30. ਅਕਾਲ ਤਖਤ ਸਾਹਿਬ ਤੇ ਨੋਟ ਲਿਖੋ।
31. ਗੁਰੂ ਹਰਗੋਬਿੰਦ ਜੀ ਰਾਹੀਂ ਨਵੀਂ ਨੀਤੀ ਕਿਉਂ ਅਪਣਾਈ ਗਈ?
32. ਸਿੱਖ ਧਰਮ ਦੇ ਵਿਕਾਸ ਲਈ ਗੁਰੂ ਹਰਿ ਰਾਏ ਜੀ ਨੇ ਕੀ ਯੋਗਦਾਨ ਪਾਇਆ।
33. ਗੁਰੂ ਹਰਿ ਕ੍ਰਿਸ਼ਨ ਜੀ ਬਾਰੇ ਸੰਖੇਪ ਵਿੱਚ ਵਰਣਨ ਕਰੋ।
34. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵਿੱਚ ਨਕਸ਼ਬੰਦੀਆਂ ਦੀ ਭੂਮਿਕਾ ਦੀ ਸਮੀਖਿਆ ਕਰੋ।
35. ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਬ੍ਰਾਹਮਣਾਂ ਦੀ ਸਹਾਇਤਾ ਕਿਉਂ ਕੀਤੀ?
36. ਖਾਲਸਾ ਦੇ ਮੁੱਖ ਸਿਧਾਤਾਂ ਦਾ ਵਰਣਨ ਕਰੋ?
37. ਖਾਲਸਾ ਦੀ ਸਥਾਪਨਾ ਦੇ ਕਾਰਨਾਂ ਦੀ ਸੰਖੇਪ ਵਿਆਖਿਆ ਕਰੋ।
38. ਬੰਦਾ ਬੈਰਾਗੀ ਕੌਣ ਸੀ ਅਤੇ ਉਹ ਸਿੱਖ ਕਿਵੇਂ ਬਣਿਆ?
39. ਬੰਦਾ ਸਿੰਘ ਬਹਾਦਰ ਨੂੰ ਕਦੋਂ, ਕਿੱਥੇ ਅਤੇ ਕਿਵੇਂ ਸ਼ਹੀਦ ਕੀਤਾ ਗਿਆ?
40. ਚੱਪੜਚਿੜੀ ਦੀ ਲੜਾਈ ਤੇ ਨੋਟ ਲਿਖੋ।
41. ਭਾਈ ਮਨੀ ਸਿੰਘ ਕੌਣ ਸਨ? ਉਨ੍ਹਾਂ ਦੀ ਸ਼ਹੀਦੀ ਤੇ ਨੋਟ ਲਿਖੋ।
42. ਬੁੱਢਾ ਦਲ ਅਤੇ ਤਰੁਣਾ ਦਲ ਬਾਰੇ ਸੰਖੇਪ ਵਿੱਚ ਵਰਣਨ ਕਰੋ।
43. ਮੀਰ ਮੰਨੂੰ ਦੀ ਸਿੱਖਾਂ ਵਿਰੁੱਧ ਅਸਫਲਤਾ ਦੇ ਕੀ ਕਾਰਨ ਸਨ?
44. ਦਲ ਖਾਲਸਾ ਦੀ ਸਥਾਪਨਾ ਕਦੋਂ ਹੋਈ? ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ।
45. ਦਲ ਖਾਲਸਾ ਦਾ ਸਿੱਖ ਇਤਿਹਾਸ ਵਿੱਚ ਮਹੱਤਵ ਦੱਸੋ।
46. ਮੁਗਲਕਾਲੀਨ ਪੰਜਾਬ ਦੇ ਲੋਕਾਂ ਦੀ ਸਮਾਜਿਕ ਹਾਲਤ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ।
47. ਮੁਗਲਕਾਲੀਨ ਪੰਜਾਬ ਵਿੱਚ ਲੋਕਾਂ ਦੇ ਮਨੋਰੰਜਨ ਦੇ ਮੁੱਖ ਸਾਧਨ ਕਿਹੜੇ ਸਨ?
48. ਮੁਗਲਕਾਲੀਨ ਪੰਜਾਬ ਵਿੱਚ ਸਿੱਖਿਆ ਦਾ ਕੀ ਪ੍ਰਬੰਧ ਸੀ।
49. ਮੁਗਲਾਂ ਅਧੀਨ ਪੰਜਾਬ ਦੀ ਖੇਤੀ ਬਾੜੀ ਦੀ ਦਸ਼ਾ ਤੇ ਨੋਟ ਲਿਖੋ।
50. ਤੈਮੂਰ ਸ਼ਾਹ ਕੌਣ ਸੀ?
51. ਪਾਨੀਪਤ ਦੀ ਤੀਜੀ ਲੜਾਈ ਤੇ ਨੋਟ ਲਿਖੋ।
52. ਵੱਡੇ ਘੱਲੂਘਾਰੇ ਤੇ ਸੰਖੇਪ ਨੋਟ ਲਿਖੋ।
53. ਨਵਾਬ ਕਪੂਰ ਸਿੰਘ ਕੌਣ ਸਨ? ਉਨ੍ਹਾਂ ਦੀ ਪ੍ਰਾਪਤੀਆਂ ਦਾ ਵਰਣਨ ਕਰੋ।
54. ਜੱਸਾ ਸਿੰਘ ਆਹਲੂਵਾਲੀਆ ਦੀਆਂ ਸਫ਼ਲਤਾਵਾਂ ਦਾ ਵਰਣਨ ਕਰੋ।
55. ਜੱਸਾ ਸਿੰਘ ਰਾਮਗੜ੍ਹੀਆ ਬਾਰੇ ਤੁਸੀਂ ਕੀ ਜਾਣਦੇ ਹੋ?
56. ਸਰਬੱਤ ਖਾਲਸਾ ਅਤੇ ਗੁਰਮੱਤਾ ਬਾਰੇ ਨੋਟ ਲਿਖੋ।
57. ਰਾਖੀ ਪ੍ਰਣਾਲੀ ’ਤੇ ਨੋਟ ਲਿਖੋ।

58. ਤ੍ਰੈ-ਪੱਖੀ ਸੰਧੀ ਅਤੇ ਇਸ ਦੇ ਮਹੱਤਵ ਤੇ ਨੋਟ ਲਿਖੋ।
59. 1809-1839 ਈ: ਤੱਕ ਅੰਗਰੇਜ਼-ਸਿੱਖ ਸਬੰਧਾਂ ਦਾ ਵਰਣਨ ਕਰੋ।
60. ਸ਼ਾਹ-ਸੁਜਾਹ ’ਤੇ ਨੋਟ ਲਿਖੋ।
61. ਹਰੀ ਸਿੰਘ ਨਲਵਾ ’ਤੇ ਨੋਟ ਲਿਖੋ।
62. ਮਹਾਰਾਜਾ ਰਣਜੀਤ ਸਿੰਘ ਦੇ ਕੇਂਦਰੀ ਸ਼ਾਸ਼ਨ ਪ੍ਰਬੰਧ ਬਾਰੇ ਤੁਸੀਂ ਕੀ ਜਾਣਦੇ ਹੋ?
63. ਮਹਾਰਾਜਾ ਰਣਜੀਤ ਸਿੰਘ ਸਮੇਂ ਲਾਹੌਰ ਸ਼ਹਿਰ ਦਾ ਪ੍ਰਬੰਧ ਕਿਹੋ ਜਿਹਾ ਸੀ?
64. ਮਹਾਰਾਜਾ ਰਣਜੀਤ ਸਿੰਘ ਦਾ ਪਰਜਾ ਪ੍ਰਤੀ ਵਤੀਰਾ ਕਿਹੋ ਜਿਹਾ ਸੀ?
65. ਮਹਾਰਾਜਾ ਰਣਜੀਤ ਸਿੰਘ ਇੱਕ ਧਰਮ-ਨਿਰਪੇਖ ਸ਼ਾਸਕ ਸੀ। ਕਿਵੇਂ?
66. ਭੈਰੋਵਾਲ ਦੀ ਸੰਧੀ ਤੇ ਨੋਟ ਲਿਖੋ।
67. ਦੀਵਾਨ ਮੂਲਰਾਜ ਦੇ ਵਿਦਰੋਹ ’ਤੇ ਨੋਟ ਲਿਖੋ।
68. ਦੂਜੇ ਐਂਗਲੋਂ-ਸਿੱਖ ਯੁੱਧ ਦੇ ਤਿੰਨ ਪ੍ਰਭਾਵ ਦੱਸੋ।
69. ਮਹਾਰਾਜਾ ਦਲੀਪ ਸਿੰਘ ਤੇ ਨੋਟ ਲਿਖੋ।
70. ਮਹਾਰਾਣੀ ਜਿੰਦਾ ਤੇ ਨੋਟ ਲਿਖੋ।

**ਭਾਗ-ੲ**

**ਭਾਗ-ੲ** ਦੇ ਪ੍ਰਸ਼ਨ ਨੰ. 3 ਵਿੱਚ 5 ਅੰਕਾਂ ਵਾਲੇ 10 ਪ੍ਰਸ਼ਨ ਹਨ। ਜਿਨ੍ਹਾਂ ਵਿੱਚੋਂ ਕੋਈ 7 ਪ੍ਰਸ਼ਨ ਹੱਲ ਕਰਨੇ ਹਨ। ਪ੍ਰਸ਼ਨ ਪੱਤਰ ਦੇ ਸਿਲੇਬਸ ਦੇ ਭਾਗ ੳ ਵਿੱਚੋਂ 7 ਪ੍ਰਸ਼ਨ ਅਤੇ ਭਾਗ ਅ ਵਿੱਚੋਂ 3 ਪ੍ਰਸ਼ਨ ਹੋਣਗੇ। ਇਹਨਾਂ ਪ੍ਰਸ਼ਨਾਂ ਦੇ ਉੱਤਰ 100-150 ਸ਼ਬਦਾਂ ਵਿੱਚ ਦਿਓ।

**ਪੰਜ ਅੰਕਾਂ ਵਾਲੇ ਪ੍ਰਸ਼ਨ** **5 x 7 =35**

**ਨੋਟ** : ਕੋਈ **ਸੱਤ** ਪ੍ਰਸ਼ਨ ਕਰੋ।

1. ਭਾਰਤੀ ਇਤਿਹਾਸ ਵਿੱਚ ਪੰਜਾਬ ਦਾ ਕੀ ਮਹੱਤਵ ਹੈ?
2. ਪੰਜਾਬ ਦੀਆਂ ਭੌਤਿਕ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ?
3. ਦੁਆਬ ਸ਼ਬਦ ਤੋਂ ਕੀ ਭਾਵ ਹੈ? ਪੰਜ ਦੁਆਬਿਆਂ ਦਾ ਸੰਖੇਪ ਵਰਣਨ ਕਰੋ।
4. ਪੰਜਾਬ ਦੇ ਇਤਿਹਾਸ ਨੂੰ ਸਮਝਣ ਵਿੱਚ ਵਿਦਿਆਰਥੀਆਂ ਅਤੇ ਇਤਿਹਾਸਕਾਰਾਂ ਨੂੰ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ?
5. ਆਦਿ ਗ੍ਰੰਥ ਸਾਹਿਬ ਤੇ ਸੰਖੇਪ ਨੋਟ ਲਿਖੋ।
6. 16ਵੀਂ ਸਦੀ ਦੇ ਮੁੱਢਲੇ ਸਮੇਂ ਵਿੱਚ ਪੰਜਾਬ ਦੀਆਂ ਇਸਤਰੀਆਂ ਦੀ ਹਾਲਤ ਦਾ ਸੰਖੇਪ ਵਰਣਨ ਕਰੋ।
7. 16ਵੀਂ ਸਦੀ ਦੇ ਮੁੱਢਲੇ ਸਮੇਂ ਵਿੱਚ ਪੰਜਾਬ ਦੇ ਸਮਾਜ ਦੀ ਸਮਾਜਿਕ ਦਸ਼ਾ ਦਾ ਸੰਖੇਪ ਵਰਣਨ ਕਰੋ।
8. ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇ ਸਮਾਜ ਵਿੱਚ ਕਿਹੜੇ ਰੀਤੀ-ਰਿਵਾਜ਼ਾਂ ਅਤੇ ਧਾਰਮਿਕ ਪਰੰਪਰਾਵਾਂ ਦਾ ਖੰਡਨ ਕੀਤਾ?

9. "ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਕ੍ਰਾਂਤੀਕਾਰੀ ਸਨ?" ਇਸ ਸਬੰਧ ਵਿੱਚ ਪੰਜ ਦਲੀਲਾਂ ਦਿਉ।
10. ਗੁਰੂ ਅਮਰਦਾਸ ਜੀ ਦੁਆਰਾ ਸਿੱਖ ਧਰਮ ਵਿੱਚ ਪਾਏ ਪੰਜ ਵੱਡਮੁੱਲੇ ਯੋਗਦਾਨ ਦਾ ਜ਼ਿਕਰ ਕਰੋ?
11. ਗੁਰੂ ਰਾਮਦਾਸ ਜੀ ਦੁਆਰਾ ਸਿੱਖ ਧਰਮ ਦੇ ਵਿਕਾਸ ਵਿੱਚ ਪਾਏ ਪੰਜ ਮਹੱਤਵਪੂਰਨ ਯੋਗਦਾਨਾਂ ਦੀ ਚਰਚਾ ਕਰੋ?
12. ਸਿੱਖ ਇਤਿਹਾਸ ਵਿੱਚ ਰਾਮਦਾਸਪੁਰਾ (ਅੰਮ੍ਰਿਤਸਰ) ਦਾ ਕੀ ਮਹੱਤਵ ਹੈ?
13. ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਤੇ ਬੈਠਣ ਤੋਂ ਬਾਅਦ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ? ਵਰਨਣ ਕਰੋ।
14. ਸ੍ਰੀ 'ਹਰਿਮੰਦਰ ਸਾਹਿਬ' ਸਬੰਧੀ ਵਿਸਥਾਰ ਸਹਿਤ ਨੋਟ ਲਿਖੋ?
15. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਪੰਜ ਮੁੱਖ ਕਾਰਨਾਂ ਦਾ ਸੰਖੇਪ ਵਰਣਨ ਕਰੋ?
16. ਨਵੀਂ ਨੀਤੀ ਜਾਂ ਮੀਰੀ ਤੇ ਪੀਰੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ?
17. 'ਅਕਾਲ ਤਖਤ' ਸਾਹਿਬ ਬਾਰੇ ਵਿਸਥਾਰ ਸਹਿਤ ਨੋਟ ਲਿਖੋ?
18. ਗੁਰੂ ਹਰਿਗੋਬਿੰਦ ਜੀ ਦੀ ਨਵੀਂ ਨੀਤੀ ਦੇ ਮਹੱਤਵ ਬਾਰੇ ਦੱਸੋ?
19. ਸਿੱਖਾਂ ਦੇ ਸੱਤਵੇਂ ਗੁਰੂ ਹਰਿਰਾਏ ਜੀ ਦੇ ਜੀਵਨ ਬਾਰੇ ਨੋਟ ਲਿਖੋ?
20. ਗੁਰੂ ਤੇਗ ਬਹਾਦਰ ਜੀ ਦੀ ਭਾਲ ਕਿਸ ਨੇ ਕੀਤੀ ਅਤੇ ਕਿਉਂ?
21. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਪੰਜ ਮੁੱਖ ਕਾਰਨ ਦੱਸੋ।
22. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਪੰਜ ਮਹੱਤਵਪੂਰਨ ਨਤੀਜਿਆਂ ਦਾ ਵਰਨਣ ਕਰੋ।
23. ਖਾਲਸਾ ਪੰਥ ਦੀ ਸਥਾਪਨਾ ਕਦੋਂ, ਕਿੱਥੇ ਅਤੇ ਕਿਵੇਂ ਹੋਈ?
24. ਖਾਲਸਾ ਪੰਥ ਦੀ ਸਥਾਪਨਾ ਦੇ ਸਿੱਖ ਇਤਿਹਾਸ ਵਿੱਚ ਕਿਹੜੇ ਪੰਜ ਮਹੱਤਵਪੂਰਨ ਪ੍ਰਭਾਵ ਪਏ?
25. 'ਜ਼ਫ਼ਰਨਾਮਾ' ਸਬੰਧੀ ਵਿਸਥਾਰ ਸਹਿਤ ਨੋਟ ਲਿਖੋ?
26. ਗੁਰਦਾਸ ਨੰਗਲ ਦੀ ਲੜਾਈ ਸਬੰਧੀ ਵਿਸਥਾਰ ਸਹਿਤ ਲਿਖੋ?
27. ਬੰਦਾ ਸਿੰਘ ਬਹਾਦਰ ਦੀਆਂ ਮੁੱਢਲੀਆਂ ਸਫਲਤਾਵਾਂ ਦੇ ਪੰਜ ਮੁੱਖ ਕਾਰਨ ਦੱਸੋ।
28. ਬੰਦਾ ਸਿੰਘ ਬਹਾਦਰ ਦੀ ਸਫਲਤਾ ਦੇ ਪੰਜ ਮੁੱਖ ਕਾਰਨ ਕੀ ਸਨ।
29. ਬੰਦਾ ਸਿੰਘ ਬਹਾਦਰ ਦੇ ਮੁੱਢਲੇ ਜੀਵਨ ਤੇ ਸੰਖੇਪ ਨੋਟ ਲਿਖੋ।
30. ਬੰਦਈ ਖਾਲਸਾ ਅਤੇ ਤੱਤ ਖਾਲਸਾ ਤੋਂ ਕੀ ਭਾਵ ਹੈ? ਉਨ੍ਹਾਂ ਵਿਚਕਾਰ ਮਤਭੇਦ ਕਿਵੇਂ ਖਤਮ ਹੋਏ?
31. ਬੁੱਢਾ ਦਲ ਅਤੇ ਤਰੁਣਾ ਦਲ ਤੇ ਸੰਖੇਪ ਨੋਟ ਲਿਖੋ।
32. 'ਭਾਈ ਮਨੀ ਸਿੰਘ' ਜੀ ਤੇ ਇੱਕ ਸੰਖੇਪ ਨੋਟ ਲਿਖੋ।
33. ਪਹਿਲੇ ਘੱਲੂਘਾਰੇ ਤੇ ਸੰਖੇਪ ਨੋਟ ਲਿਖੋ।
34. ਦਲ ਖਾਲਸਾ ਦੇ ਸਥਾਪਨਾ ਦੇ ਕੀ ਕਾਰਨ ਸਨ?
35. ਦਲ ਖਾਲਸਾ ਦੀ ਗੁਰੀਲਾ ਯੁੱਧ ਪ੍ਰਣਾਲੀ ਤੇ ਨੋਟ ਲਿਖੋ।
36. ਮੁਗਲਕਾਲੀਨ ਪੰਜਾਬ ਵਿੱਚ ਮੁਸਲਮਾਨਾਂ ਦੀ ਦਸ਼ਾ ਕਿਹੋ ਜਿਹੀ ਸੀ?
37. ਮੁਗਲਾਂ ਅਧੀਨ ਪੰਜਾਬ ਵਿੱਚ ਇਸਤਰੀਆਂ ਦੀ ਹਾਲਤ ਕਿਹੋ ਜਿਹੀ ਸੀ?

38. ਮੁਗਲਾਂ ਦੇ ਅਧੀਨ ਪੰਜਾਬ ਵਿੱਚ ਆਰਥਿਕ ਹਾਲਤ ਤੇ ਸੰਖੇਪ ਨੋਟ ਲਿਖੋ।

39. ਅਹਿਮਦ ਸ਼ਾਹ ਅਬਦਾਲੀ ਕੌਣ ਸੀ? ਉਸ ਦੇ ਪੰਜਾਬ ਉੱਤੇ ਹਮਲਿਆਂ ਦੇ ਕੀ ਕਾਰਨ ਸਨ?

4●. ਪਾਨੀਪਤ ਦੀ ਤੀਸਰੀ ਲੜਾਈ ਦੇ ਕੋਈ ਪੰਜ ਨਤੀਜੇ ਦੱਸੋ।

41. ਅਹਿਮਦ ਸ਼ਾਹ ਅਬਦਾਲੀ ਸਿੱਖਾਂ ਵਿਰੁੱਧ ਅਸਫਲ ਕਿਉਂ ਰਿਹਾ? ਕੋਈ ਪੰਜ ਕਾਰਨ ਦੱਸੋ।

42. ਮਿਸਲ ਸ਼ਬਦ ਤੋਂ ਕੀ ਭਾਵ ਹੈ? ਮਿਸਲਾਂ ਦੀ ਉੱਤਪਤੀ ਦੇ ਕੀ ਕਾਰਨ ਸਨ?

43. ਮਹਾਰਾਜਾ ਰਣਜੀਤ ਸਿੰਘ ਦੇ ਗੱਦੀ ਤੇ ਬੈਠਣ ਸਮੇਂ ਪੰਜਾਬ ਦੀ ਰਾਜਨੀਤਿਕ ਦਸ਼ਾ ਕਿਹੋ ਜਿਹੀ ਸੀ?

44. ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਮਿਸਲਾਂ ਪ੍ਰਤੀ ਕਿਹੋ ਜਿਹੀ ਨੀਤੀ ਅਪਣਾਈ?

45. ਅੰਮ੍ਰਿਤਸਰ ਦੀ ਸੰਧੀ ਦਾ ਕੀ ਮਹੱਤਵ ਸੀ?

46. ਮਹਾਰਾਜਾ ਰਣਜੀਤ ਸਿੰਘ ਦੀ ਉੱਤਰ ਪੱਛਮੀ ਸੀਮਾ ਨੀਤੀ ਦੀਆਂ ਪੰਜ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।

47. ਇੱਕ ਮਨੁੱਖ ਦੇ ਰੂਪ ਵਿੱਚ ਮਹਾਰਾਜਾ ਰਣਜੀਤ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ?

48. ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਤੇ ਪੰਜ ਮਹੱਤਵਪੂਰਨ ਕਾਰਨਾਂ ਦਾ ਵਰਨਣ ਕਰੋ।

49. ਕੀ ਲਾਰਡ-ਡਲਹੋਜ਼ੀ ਦੁਆਰਾ ਪੰਜਾਬ ਦਾ ਸੰਯੋਜਨ ਨਿਆਂ ਸੰਗਤ ਸੀ? ਵਰਨਣ ਕਰੋ।

5●. ਮੁਗਲਕਾਲੀਨ ਪੰਜਾਬ ਵਿੱਚ ਇਸਤਰੀਆਂ ਦੀ ਸਥਿਤੀ ਸੰਬੰਧੀ ਨੋਟ ਲਿਖੋ।

## ਭਾਗ-ਸ

**ਪ੍ਰਸ਼ਨ-4: ਮਾਨਚਿੱਤਰ** $10 + 5 = 15$

(ੳ) ਪੰਜਾਬ ਦੇ ਰੇਖਾ ਮਾਨਚਿੱਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧਾਂ ਦੇ ਪੰਜ ਸਥਾਨ ਦਿਖਾਓ। 1●

(ਅ) ਹਰੇਕ ਸਥਾਨ ਦੀ ਵਿਆਖਿਆ 2●-25 ਸ਼ਬਦਾਂ ਵਿੱਚ ਕਰੋ। 5

ਜਾਂ

(ੳ) ਪੰਜਾਬ ਦੇ ਰੇਖਾ ਮਾਨਚਿੱਤਰ ਵਿੱਚ ਪਹਿਲੇ ਐਂਗਲੋ-ਸਿੱਖ ਯੁੱਧ ਦੇ ਪੰਜ ਸਥਾਨ ਦਿਖਾਓ। 1●

(ਅ) ਹਰੇਕ ਸਥਾਨ ਦੀ ਵਿਆਖਿਆ 2●-25 ਸ਼ਬਦਾਂ ਵਿੱਚ ਕਰੋ।

5

ਜਾਂ

(ੳ) ਪੰਜਾਬ ਦੇ ਰੇਖਾ ਮਾਨਚਿੱਤਰ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਦੀਆਂ ਲੜਾਈਆਂ ਦੇ ਪੰਜ ਸਥਾਨ ਦਿਖਾਓ। 1●

(ਅ) ਹਰੇਕ ਸਥਾਨ ਦੀ ਵਿਆਖਿਆ 2●-25 ਸ਼ਬਦਾਂ ਵਿੱਚ ਕਰੋ। 5

ਜਾਂ

(ੳ) ਪੰਜਾਬ ਦੇ ਰੇਖਾ ਮਾਨਚਿੱਤਰ ਵਿੱਚ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਦੇ ਪੰਜ ਸਥਾਨ ਦਿਖਾਓ। 1●

(ਅ) ਹਰੇਕ ਸਥਾਨ ਦੀ ਵਿਆਖਿਆ 2●–25 ਸ਼ਬਦਾਂ ਵਿੱਚ ਕਰੋ। 5

ਜਾਂ

(ੳ) ਪੰਜਾਬ ਦੇ ਰੇਖਾ ਮਾਨਚਿੱਤਰ ਵਿੱਚ ਦੂਸਰੇ ਐਂਗਲੋ ਸਿੱਖ ਯੁੱਧ ਦੇ ਸਥਾਨ ਦਿਖਾਓ। 1●

(ਅ) ਹਰੇਕ ਸਥਾਨ ਦੀ ਵਿਆਖਿਆ 2●–25 ਸ਼ਬਦਾਂ ਵਿੱਚ ਕਰੋ। 5